بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.03.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸੰਬੰਧ ਬਨਾਉਣ ਲਈ ਵੀ ਅਜਿਹੇ ਲੋਕਾਂ ਦੀ ਚੋਣ ਕਰਨੀ ਚਾਹੀਦੀ ਹੈ ਜਿੰਨ੍ਹਾ ਦੀ ਧਾਰਮਕ ਹਾਲਤ ਚੰਗੀ ਹੋਵੇ ਜੋ ਨਮਾਜ਼ਾਂ ਵਿੱਚ ਬਕਾਇਦਗੀ ਰਖੱਦੇ ਹੋਣ ਅਤੇ ਪਬੰਦ ਹੋਣ । ਇਸ ਹਵਾਲੇ ਨਾਲ ਵਿਸ਼ੇਸ਼ ਤੌਰ ’ਤੇ ਮੈਂ ਰਬਵਾ ਤੇ ਕਾਦੀਆਂ ਦੇ ਅਹਮਦੀਆਂ ਨੂੰ ਧਿਆਨ ਦੁਆਉਣਾ ਚਾਹੁੰਦਾ ਹਾਂ ਜਿੱਥੇ ਥੋੜੀ ਜਿਹੀ ਥਾਂ ਉਪੱਰ ਅਮਹਦੀਆਂ ਦੀ ਬਹੁਤੀ ਗਿਣਤੀ ਰਹਿੰਦੀ ਹੈ ਇਸੇ ਪ੍ਰਕਾਰ ਮਸਜਿਦਾਂ ਵੀ ਥੋੜੀ ਥੋੜੀ ਦੂਰੀ’ਤੇ ਹਨ, ਓਥੇ ਮਸਜਿਦਾਂ ਨੂੰ ਅਬਾਦ ਕਰੋ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 4 ਮਾਰਚ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਕੁਝ ਸਮੇਂ ਵਿੱਚ ਮੈਂ ਕਈ ਜੁਮਿਆਂ ਦੇ ਖ਼ੁਤਬਿਆਂ ਵਿੱਚ ਮੈਂ ਕੁਝ ਕਹਾਵਤਾਂ, ਸਚੱਾਈਆਂ ਜਾਂ ਕੁਝ ਸਬਕ ਲੈਣ ਵਾਲੀਆਂ ਕਹਾਣੀਆਂ ਜੋ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਵਰਨਣ ਕੀਤੀਆਂ ਹਨ ਬਿਆਨ ਕੀਤੀਆਂ ਸਨ । ਅੱਜ ਜੱਦ ਮੈਂ ਇਹਨਾਂ ਮਿੱਥ ਧਾਰਣਾਵਾਂ ਨੂੰ ਵਰਨਣ ਕਰਨ ਲਈ ਚੁਣਿਆਂ ਤਾਂ ਮੈਂਨੂੰ ਵਿਚਾਰ ਆਇਆ ਕਿ ਭਾਰਤ-ਪਾਕ ਦੀਆਂ ਉਹਨਾਂ ਪੁਰਾਣੀਆਂ ਮਿੱਥ ਧਾਰਨਾਵਾਂ ਅਤੇ ਰਿਵਾਇਤਾਂ ਵਿੱਚੋਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀਆਂ ਹਨ, ਉਹਨਾਂ ਰਿਵਾਇਤਾਂ ਦਾ ਅੱਜ ਤੱਕ ਅਰੰਭ ਰਹਿਣਾ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਧੰਨਵਾਦ ਕਰਕੇ ਹੀ ਹੈ । ਜੇਕਰ ਜਮਾਤ ਦੇ ਲਿਟ੍ਰੇਚਰ ਵਿੱਚ ਇਹ ਨ ਹੁੰਦੀਆਂ ਤਾਂ ਕਦੇ ਦੀਆਂ ਇਹ ਕਿਤੇ ਦਫ਼ਨ ਹੋ ਚੁੱਕੀਆਂ ਹੁੰਦੀਆਂ ਅਤੇ ਇਸ ਅਜੋਕੇ ਸਮੇਂ ਵਿੱਚ ਕੋਈ ਉਸ ਨੂੰ ਜਾਣਦਾ ਵੀ ਨ । ਇਹ ਕੇਵਲ ਕਹਾਣੀਆਂ ਹੀ ਨਹੀਂ ਸਗੋਂ ਕਈ ਵਾਸਤਵਿਕ ਘਟਨਾਵਾਂ ਵੀ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਨਸੀਹਤਾਂ ਵੀ ਕੀਤੀਆਂ ਹੋਈਆਂ ਹਨ । ਕਈ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੁਝ ਗੱਲਾਂ ਵੱਲ ਧਿਆਨ ਦੁਆਉਂਦੇ ਹੋਏ ਜੋ ਵੇਖਣ ਨੂੰ ਚੁਟਕਲੇ ਹਨ ਇਹਨਾਂ ਚੁਟਕਲਿਆਂ ਵਿੱਚੋਂ ਵੀ ਸੁਧਾਰ ਦਾ ਪੱਖ ਸਾਡੇ ਸਾਹਮਣੇ ਆਪ ਪੇਸ਼ ਕਰ ਦਿੰਦੇ ਹਨ । ਅਜਿਹਾ ਹੀ ਵੇਖਣ ਨੂੰ ਚੁਟਕਲਾ ਹੈ ਜੋ ਪੇਸ਼ ਕਰਦਾ ਹਾਂ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਇਕ ਮਾਲਣ ਦੀ ਉਧਾਰਣ ਦਿਆ ਕਰਦੇ ਸਨ । ਫ਼ਰਮਾਉਂਦੇ ਕਿ ਉਸ ਦੀਆਂ ਦੋ ਲੜਕੀਆਂ ਸਨ ਇਕ ਘੁਮਿਆਰਾਂ ਦੇ ਘਰ ਵਿਆਹੀ ਗਈ ਅਤੇ ਦੂਜੀ ਮਾਲੀਆਂ ਦੇ ਘਰ ਵਿਆਹੀ ਗਈ । ਜੱਦ ਕਦੇ ਬਦੱਲ ਆਉਂਦੇ ਤਾਂ ਉਹ ਇਸਤਰੀ ਦੀਵਾਨਿਆਂ ਵਾਂਗ ਘਬਰਾਈ ਫਿਰਦੀ ਸੀ । ਲੋਕ ਕਹਿੰਦੇ ਸਨ ਕੀ ਹੋ ਗਿਆ ਹੈ ? ਉਹ ਕਹਿੰਦੀ ਇਕ ਲੜਕੀ ਨਹੀਂ ਰਹੀ, ਕਿਉਂ ? ਕਿ ਜੇਕਰ ਵਰਖਾ ਹੋ ਗਈ ਤਾਂ ਜੋ ਲੜਕੀ ਘੁੰਮਿਅਰਾਂ ਦੇ ਘਰ ਵਿਆਹੀ ਗਈ ਹੈ ਉਹ ਨਹੀਂ ਰਹੇਗੀ ਕਿਉਂਕਿ ਉਹਨਾਂ ਦਾ ਕੰਮ ਖਤਮ ਹੋ ਜਾਵੇਗਾ ਅਤੇ ਜੇਕਰ ਵਰਖਾ ਨ ਹੋਈ ਤਾਂ ਜੋ ਮਾਲੀਆਂ ਦੇ ਘਰ ਵਿਆਹੀ ਗਈ ਹੈ ਉਹ ਨਹੀਂ ਰਹੇਗੀ ਕਿਉਂਕਿ ਵਰਖਾ ਨ ਹੋਣ ਕਰਕੇ ਉਹਨਾਂ ਦੀਆਂ ਸਬਜ਼ੀਆਂ ਨਹੀਂ ਉਗੱਣਗੀਆਂ । ਸੋ ਇਹ ਉਧਾਰਣ ਦੇਕੇ ਜੋ ਕਿ ਵੇਖਣ ਨੂੰ ਹੋਲ੍ਹੀ ਜਿਹੀ ਲਗੱਦੀ ਹੈ ਹਰਜ਼ਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਬਾਰੇ ਵਰਨਣ ਕੀਤੀ ਕਿ ਕਾਦੀਆਂ ਦੇ ਦੋ ਵਿਅਕਤੀਆਂ ਦਾ ਆਪੋ ਵਿੱਚ ਝਗੱੜਾ ਹੋ ਗਿਆ । ਸਜੱਣਾ ਮਿਤੱਰਾਂ ਨੇ ਸਮਝਾਇਆ, ਦੋਹਾਂ ਨੇ ਇਹ ਕਿਹਾ ਕਿ ਨਹੀਂ ਅਸੀਂ ਅੰਗ੍ਰੇਜ਼ੀ ਅਦਾਲਤ ਵੱਿਚ ਜਾਣਾ ਹੈ ਓਥੇ ਹੀ ਨਿਰਣਾ ਕਰਵਾਉਂਣਾ ਹੈ ਅਤੇ ਇਕ ਦੂਜੇ ਉਪੱਰ ਸਰਕਾਰੀ ਮੁਕਦੱਮਾ ਕਰ ਦਿੱਤਾ । ਜੱਦ ਮੁਕਦੱਮੇ ਦੀ ਪੇਸ਼ੀ ਹੁੰਦੀ ਤਾਂ ਉਹ ਆਪ ਜਾਂ ਉਹਨਾਂ ਦਾ ਕੋਈ ਨੁਮਾਇੰਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾਂ ਵਿੱਚ ਹਾਜ਼ਰ ਹੋਕੇ ਦੁਆ ਲਈ ਕਹਿਣ ਲਈ ਆ ਜਾਂਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਸਨ ਕਿ ਦੋਵੇਂ ਹੀ ਮੇਰੇ ਮੁਰੀਦ ਹਨ ਅਤੇ ਉਹਨਾਂ ਨਾਲ ਸੰਬੰਧ ਵੀ ਹਨ । ਕਿਸ ਦੇ ਲਈ ਦੁਆ ਕਰਾਂ ਕਿ ਉਹ ਹਾਰੇ ਤੇ ਉਹ ਜਿੱਤੇ । ਮੈਂ ਤਾਂ ਇਹੋ ਦੁਆ ਕਰਦਾ ਹਾਂ ਕਿ ਜੋ ਸਚੱਾ ਹੈ ਉਹ ਜਿੱਤ ਜਾਵੇ । ਇਹ ਉਚਿਤ ਤਾਂ ਹੈ ਨਿਆਂ ਲਈ ਅਦਾਲਤ ਵਿੱਚ ਮਨੁੱਖ ਜਾਏ, ਪਰ ਜੇਕਰ ਆਪੋ ਵਿੱਚ ਮਿਤੱਰਾਂ ਰਾਹੀਂ ਫ਼ੈਸਲੇ ਹੋ ਸਕਦੇ ਹੋਣ ਤਾਂ ਸਾਲਸੀ ਫ਼ੈਸਲੇ ਮਿਲ ਬਹਿ ਕੇ ਹੋ ਸਕਦੇ ਹੋਣ ਤਾਂ ਅਦਾਲਤਾਂ ਵਿੱਚ ਨਹੀਂ ਜਾਣਾ ਚਾਹੀਦਾ ਅਤੇ ਫਿਰ ਢੀਠਪੁਣਾ ਵੀ ਨਹੀਂ ਦਿਖਾਉਂਣਾ ਚਾਹੀਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸ ਨਮੂਨੇ ਨੂੰ ਪਸੰਦ ਨਹੀਂ ਕੀਤਾ । ਸੋ, ਢੀਠਪੁਣਾ ਜੋ ਹੈ ਇਹ ਚੰਗੀ ਚੀਜ ਨਹੀਂ ਹੈ ਇਸ ਲਈ ਜ਼ਿੱਦ ਤੋਂ ਵੀ ਬਚੱਣਾ ਚਾਹੀਦਾ ਹੈ ਅਤੇ ਫਿਰ ਦੁਆ ਲਈ ਆਖਕੇ ਇਮਾਮ ਨੂੰ ਦੁਚਿੱਤੀ ਤੋਂ ਬਚਾਉਂਣਾ ਚਾਹੀਦਾ ਹੈ ਕਿਉਂਕਿ ਜੇਕਰ ਦੋਵੇਂ ਹੀ ਅਹਮਦੀ ਹੋਣ ਤਾਂ ਕਿਸਦੇ ਲਈ ਦੁਆ ਕਰੇ ਅਤੇ ਕਿਸਦੇ ਲਈ ਦੁਆ ਨ ਕਰੇ ।

ਫਿਰ ਅਲੱਾਹ ਤਆਲਾ ਇਕ ਹੁਕਮ ਵੱਲ, ਗੱਲ ਵੱਲ ਦਿਆਨ ਦੁਆਇਆ ਕਿ ਮਾਂਪਿਆ ਦਾ ਸਨਮਾਨ ਕਰਨਾ ਚਾਹੀਦਾ ਹੈ । ਸਿਵਾਏ ਧਰਮ ਦੇ ਮਾਮਲੇ ਵਿੱਚ, ਰੱਬ ਦੀ ਆਗਿਆ ਦੇ ਮਾਮਲੇ ਵਿੱਚ, ਮਾਂਪਿਆਂ ਦੀ ਆਗਿਆਕਾਰੀ ਕਰਨੀ ਚਾਹੀਦੀ ਹੈ ਉਹਨਾਂ ਦੇ ਹੱਕ ਪੂਰੇ ਕਰਨੇ ਚਾਹੀਦੇ ਹਨ । ਜੱਦ ਧਰਮ ਦਾ ਮਾਮਲਾ ਆਏ ਤਾਂ ਬੇਸ਼ਕ ਇਹ ਕਿਹਾ ਜਾ ਸਕਦਾ ਹੈ ਕਿ ਮੈਂ ਆਪਦਾ ਸਨਮਾਨ ਤਾਂ ਕਰਦਾ ਹਾਂ ਪਰ ਕਿਉਂਕਿ ਰੱਬ ਦਾ ਮਾਮਲਾ ਹੈ ਇਸ ਲਈ ਇਹ ਗੱਲ ਮਨੰਣਾ ਮੇਰੇ ਲਈ ਮੁਸ਼ਕਲ ਹੈ ਮੇਰੀ ਮਜਬੂਰੀ ਹੈ । ਹਜ਼ਰਤ ਮੁਸਲਿਹ ਮੌਊਦ ਫ਼ਮਰਮਾਉਂਦੇ ਹਨ ਕਿ ਹਰ ਮਨੁੱਖ ਦਾ ਫ਼ਰਜ਼ ਹੈ ਕਿ ਉਹ ਆਪਣੇ ਮਾਂਪਿਆਂ ਨਾਲ ਚੰਗਾ ਵਰਤਾਉ ਕਰੇ ਅਤੇ ਉਹਨਾਂ ਦੇ ਕਿਸੇ ਵੀ ਆਦੇਸ਼ ਦੀ ਅਵਗਿਆ ਨ ਕਰੇ ਪਰ ਅਨੇਕਾਂ ਹੀ ਨੌਜੁਆਨ ਅਜਿਹੇ ਹਨ ਜੋ ਆਪਣੇ ਮਾਂਪਿਆਂ ਦਾ ਉਚਿਤ ਸਨਮਾਨ ਨਹੀ ਕਰਦੇ ਅਤੇ ਨ ਹੀ ਉਹਨਾਂ ਦੇ ਅਧਿਕਾਰਾਂ ਦਾ ਖ਼ਿਆਲ ਰਖੱਦੇ ਹਨ ਸਗੋਂ ਸੰਤਾਨ ਵਿੱਚੋਂ ਵੀ ਜੇਕਰ ਕਿਸੇ ਨੂੰ ਚੰਗਾ ਅਹੁਦਾ ਮਿਲ ਜਾਵੇ ਤਾਂ ਉਹ ਆਪਣੇ ਗ਼ਰੀਬ ਮਾਂਪਿਆਂ ਨੂੰ ਮਿਲਣ ਵਿੱਚ ਵੀ ਸ਼ਰਮ ਮਹਿਸੂਸ ਕਰਦੇ ਹਨ ।

ਇਕ ਵਾਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਹ ਵਿਸ਼ਾ ਵਰਨਣ ਕਰ ਰਹੇ ਸਨ ਕਿ ਕਈ ਲੋਕ ਵਿਦਵਾਨਾ ਜਾਂ ਭਾਸ਼ਣਕਾਰ ਦਾ ਭਾਸ਼ਣ ਕੇਵਲ ਵਕਤੀ ਆਨੰਦ ਲੈਣ ਲਈ ਸੁਣਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸ ਬਾਰੇ ਇਹੋ ਫ਼ਰਮਾਇਆ ਹੋਇਆ ਹੈ ਕਿ ਸਭਾਵਾਂ ਵਿੱਚ ਕੇਵਲ ਇਸ ਲਈ ਨ ਆਓ ਕਿ ਫਲਾਣਾ ਭਾਸ਼ਣਕਾਰ ਚੰਗਾ ਹੈ ਚੰਗਾ ਬੋਲਦਾ ਹੈ ਉਸ ਦਾ ਭਾਸ਼ਣ ਸੁਣਨਾ ਹੈ ਸਗੋਂ ਇਹ ਦੇਖੋ ਕਿ ਇਸ ਸਭਾ ਵਿੱਚ ਕੀ

ਚਰਚਾ ਹੋ ਰਹੀ ਹੈ ਅਤੇ ਇਸ ਤੋਂ ਕੀ ਲਾਭ ਚੁੱਕਿਆ ਜਾ ਸਕਦਾ ਹੈ । ਬਹਿਰਹਾਲ ਕਈ ਲੋਕ ਨ ਤਾਂ ਭਾਸ਼ਣਕਰਤਾ ਦੀ ਡੂੰਘਿਆਈ ਨੂੰ ਸਮਝ ਰਹੇ ਹੁੰਦੇ ਹਨ, ਨ ਹੀ ਭਾਸ਼ਣ ਦੀ ਗਹਿਰਾਈ ਨੂੰ ਸਮਝ ਰਹੇ ਹੁੰਦੇ ਹਨ ਅਤੇ ਨ ਹੀ ਉਸ ਦਾ ਮੰਤਵ ਸਮਝ ਆ ਰਿਹਾ ਹੁੰਦਾ ਹੈ ਕੇਵਲ ਵਕਤੀ ਆਨੰਦ ਲਈ ਬੈਠੇ ਹੁੰਦੇ ਹਨ । ਇਸੇ ਪ੍ਰਕਾਰ ਕਈ ਭਾਸ਼ਣਕਰਤਾ ਵੀ ਕੇਵਲ ਆਰਜ਼ੀ ਭਾਵਨਾਤਮਕ ਅਵਸਥਾ ਪੈਦਾ ਕਰਨ ਲਈ ਬਹੁਤ ਜ਼ੋਰਦਾਰ ਭਾਸ਼ਣ ਦਿੰਦੇ ਹਨ ਜਾਂ ਭਾਵਨਾਤਮਕ ਕਰਨ ਦਾ ਜਤਨ ਕਰਦੇ ਹਨ ਅਤੇ ਵੱਖ ਵੱਖ ਅਵਾਜ਼ਾਂ ਕਢੱਦੇ ਹਨ ਬਣਾਉਟੀ ਦੁੱਖ ਪ੍ਰਗਟਾਉਣ ਦਾ ਜਤਨ ਕਰਦੇ ਹਨ । ਅਜਿਹੇ ਭਾਸ਼ਣਕਰਤਾ ਦੀ ਚਰਚਾ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਭਾਸ਼ਣਕਰਤਾ ਦੀ ਗੱਲ ਸੁਣਾਇਆ ਕਰਦੇ ਸਨ ਕਿ ਉਹ ਭਾਸ਼ਣ ਲਈ ਖੜ੍ਹਾ ਹੋਇਆ ਅਤੇ ਉਸ ਦਾ ਵਿਸ਼ਾ ਬਹੁਤ ਹੀ ਦੁੱਖ ਵਾਲਾ ਸੀ । ਇਕ ਵਿਅਕਤੀ ਆਇਆ ਅਤੇ ਖੜ੍ਹਾ ਹੋ ਗਿਆ ਜ਼ਿਮੀਂਦਾਰ ਸੀ ਹੱਥ ਵਿੱਚ ਤਰੰਗੜੀ ਸੀ । ਜਿੰਨ੍ਹੇ ਲੋਕ ਓਥੇ ਬੈਠੇ ਸਨ ਉਹਨਾਂ'ਤੇ ਤਾਂ ਉਸ ਭਾਸ਼ਣ ਦਾ ਕੋਈ ਪ੍ਰਭਾਵ ਨਹੀਂ ਹੋਇਆ ਪਰ ਥੋੜ੍ਹੀ ਹੀ ਦੇਰ ਵਿੱਚ ਉਹ ਜ਼ਿਮੀਂਦਾਰ ਰੋਣ ਲੱਗ ਪਿਆ । ਇਸ'ਤੇ ਭਾਸ਼ਣਕਰਤਾ ਨੇ ਵਿਚਾਰ ਕੀਤਾ ਕਿ ਇਹ ਮੇਰੇ ਭਾਸ਼ਣ ਤੋਂ ਪ੍ਰਭਾਵਤ ਹੋ ਗਿਆ ਹੈ । ਫਿਰ ਉਸ ਨੇ ਲੋਕਾਂ ਨੂੰ ਦਸੱਣ ਲਈ ਕਿ ਦੇਖੋ ਕਿੰਨ੍ਹਾ ਪ੍ਰਭਾਵ ਹੋਇਆ ਹੈ ਉਸ'ਤੇ, ਉਸ ਨੂੰ ਪੁੱਛਿਆ ਕਿ ਮੀਆਂ ਤੁਹਾਨੂੰ ਕਿਸ ਗੱਲ ਨੇ ਪ੍ਰਭਾਵਤ ਕੀਤਾ ਹੈ ਕਿ ਤੁਸੀਂ ਰੋਣ ਲੱਗ ਪਏ ਹੋ, ਉਹ ਕਹਿਣ ਲੱਗਾ ਕਿ ਕੱਲ ਮੇਰੀ ਮਹੀਂ (ਮੱਝ) ਦਾ ਬੱਚਾ ਅੜਿੰਗ ਅੜਿੰਗ ਕੇ ਮਰ ਗਿਆ ਸੀ ਜੱਦ ਮੈਂ ਆਪ ਦੀ ਅਵਾਜ਼ ਸੁਣੀ ਤਾਂ ਮੈਂਨੂੰ ਉਹ ਚੇਤੇ ਆ ਗਿਆ ਅਤੇ ਮੈਂ ਰੋ ਪਿਆ । ਇਉਂ ਭਾਸ਼ਣਕਰਤਾ ਨੂੰ ਜੋ ਗਲਤ ਫ਼ਹਿਮੀ ਹੋ ਗਈ ਸੀ ਆਪਣੇ ਭਾਸ਼ਣ ਦੀ ਕਿ ਮੇਰੇ ਦੁੱਖ ਭਰੇ ਭਾਸ਼ਣ ਕਰਕੇ ਇਹ ਸੁਣ ਕੇ ਰੋ ਪਿਆ ਹੈ, ਇਉਂ ਉਸ ਦਾ ਦਿਖਾਵਾ ਤੇ ਬਣਾਉਟੀਪਣ ਝੱਟ ਹੀ ਜਾਂਦਾ ਰਿਹਾ । ਸਾਡੇ ਵਿਰੁਧ ਜੋ ਮੌਲਵੀ ਬੋਲਦੇ ਹਨ ਜੇਕਰ ਉਹਨਾਂ ਦੇ ਭਾਸ਼ਣ ਸੁਣੀਏ, ਕਦੇ ਤਾਂ ਉਕੱ ਹੀ ਇਸੇ ਪ੍ਰਕਾਰ ਦੀਆਂ ਅਵਾਜ਼ਾਂ ਆ ਰਹੀਆਂ ਹੁੰਦੀਆਂ ਹਨ ।

ਰੱਬ ਦਾ ਸਾਡੇ ਉਪੱਰ ਇਹ ਉਪਕਾਰ ਹੈ ਕਿ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨੰਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਨਹੀਂ ਤਾਂ ਇਸਲਾਮ ਦੇ ਨਾਂ'ਤੇ ਪੀਰਾਂ ਨੇ ਵੀ ਜੋ ਆਪਣੀਆਂ ਦੁਕਾਨਾ ਚਮਕਾਈਆਂ ਹੋਈਆਂ ਹਨ ਅਸੀਂ ਸ਼ਾਇਦ ਉਹਨਾਂ ਦਾ ਹੀ ਭਾਗ ਹੁੰਦੇ । ਇਸ ਲਈ ਕੁਰਆਨ ਕਰੀਮ ਉਪੱਰ ਗ਼ੌਰ ਤੇ ਵਿਚਾਰ ਕਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਵਿਆਖਿਆਵਾਂ ਪੜ੍ਹਨੀਆਂ ਚਾਹੀਦੀਆਂ ਹਨ । ਫਿਰ ਹਜ਼ਰਤ ਮੁਸਲਹ ਮੌਊਦ ਰਜ਼ੀ ਅਲੱਹ ਅਨਹੁ ਨੇ ਵੀ ਵਿਸਥਾਰਪੂਰਨ ਵਿਆਖਿਆਵਾਂ ਲਿੱਖੀਆਂ ਹਨ ਉਹ ਪੜ੍ਹਨੀਆਂ ਚਾਹੀਦੀਆਂ ਹਨ । ਖ਼ਲੀਫ਼ਾ ਸਾਹਿਬਾਨ ਦੇ ਵਿਸਥਾਰ ਹਨ ਕਈ ਆਇਤਾਂ ਦੀ ਵਿਸਥਾਰਪੂਰਨ ਵਿਆਖਿਆ ਹੈ ਉਹਨਾਂ ਨੂੰ ਦੇਖਣਾ ਚਾਹੀਦਾ ਹੈ, ਆਪ ਗ਼ੌਰ ਕਰਨਾ ਚਾਹੀਦਾ ਹੈ ਅਤੇ ਕੁਰਆਨ ਕਰੀਮ ਰਾਹੀਂ ਹੀ ਗਿਆਨ ਤੇ ਮਆਰਫ਼ਤ ਦੇ ਨੁਕਤਤਿਆਂ ਦੀ ਭਾਲ ਕਰਨੀ ਚਾਹੀਦੀ ਹੈ ।

ਕਈ ਲੋਕਾਂ ਦਾ ਵਿਚਾਰ ਹੁੰਦਾ ਹੈ ਕਿ ਅਸੀਂ ਗਿਆਨ ਪ੍ਰਾਪਤ ਕਰ ਲਿਆ ਹੈ ਅਤੇ ਇਹ ਬਹੁਤ ਹੈ ਅਤੇ ਕਿਸੇ ਹੋਰ ਚੀਜ ਦੀ ਸਾਨੂੰ ਲੋੜ ਨਹੀਂ ਕਿਸੇ ਤਜਰਬੇ ਦੀ ਸਾਨੂੰ ਹੁਣ ਲੋੜ ਨਹੀਂ, ਕਿਸੇ ਦੂਜੇ ਨਾਲ ਸਲਾਹ ਲੈਂਣ ਦੀ ਸਾਨੂੰ ਹੁਣ ਲੋੜ ਨਹੀਂ, ਪਰ ਇਹ ਜ਼ਰੂਰੀ ਹੈ, ਇਹ ਚੇਤੇ ਰਖੱਣ ਵਾਲੀ ਗੱਲ ਹੈ ਕਿ ਗਿਆਨ ਦੇ ਨਾਲ ਨਾਲ ਤਜਰਬੇ ਦੀ ਲੋੜ ਹੁੰਦੀ ਹੈ । ਜੇਕਰ ਕੋਈ ਵਿਅਕਤੀ ਕੇਵਲ ਕਿਤਾਬਾਂ ਪੜ੍ਹਕੇ ਵੈਦ ਬਨਣਾ ਚਾਹੇ ਤਾਂ ਬਹੁਤ ਮੁਸ਼ਕਲ ਹੈ ਬਹੁਤ ਕਠਿਨ ਹੈ । ਉਧਾਰਨ ਲਈ ਵੈਦ ਦੀਆਂ ਕਿਤਾਬਾਂ ਹਨ ਉਹਨਾਂ ਨੂੰ ਪੜ੍ਹਨ ਦੇ ਨਾਲ ਨਾਲ ਯੋਗ ਵੈਦ ਦੇ ਸਾਹਮਣੇ ਰੋਗੀਆਂ ਦਾ ਨਿਦਾਨ ਤੇ ਇਲਾਜ ਹੋਵੇ । ਜੇਕਰ ਇਕ ਵੈਦ ਹੈ ਜੱਦ ਕਿਤਾਬਾਂ ਪੜ੍ਹ ਲਏ ਤਾਂ ਫਿਰ ਕਿਸੇ ਮਾਹਰ

ਸਾਹਮਣੇ ਰੋਗੀਆਂ ਦਾ ਨਿਦਾਨ ਤੇ ਇਲਾਜ ਵੀ ਕਰਦਾ ਹੋਵੇ । ਇਸੇ ਲਈ ਜੱਦ ਡਾਕਟਰਾਂ ਨੂੰ ਕਾਲਜਾਂ ਵਿੱਚ ਪੜ੍ਹਾਇਆ ਜਾਂਦਾ ਹੈ ਤਾਂ ਉਹਨਾਂ ਨਾਲ ਉਹਨਾਂ ਦੇ ਮਾਹਰ ਡਾਕਟਰਂ ਨਾਲ ਪ੍ਰਕਟੀਕਲ ਵੀ ਹੋ ਰਹੇ ਹੁੰਦੇ ਹਨ । ਜੇਕਰ ਇਹ ਨ ਹੋਵੇ ਤਾਂ ਤਜਰਬਾ ਪ੍ਰਾਪਤ ਨਹੀਂ ਹੁੰਦਾ ਅਤੇ ਮਨੁੱਖ ਕੁਝ ਵੀ ਸਿੱਖ ਨਹੀਂ ਸਕਦਾ ਪਰ ਇਸ ਦੇ ਬਾਦ ਵੀ ਤਜਰਬੇ ਜ਼ਰੂਰੀ ਹੁੰਦੇ ਹਨ ਕੇਵਲ ਇਹੋ ਨਹੀਂ ਕਿ ਪੜ੍ਹਾਈ ਸਮੇਂ ਤਜਰਬਾ ਪ੍ਰਾਪਤ ਕਰ ਲਿਆ ।

ਬਹਿਰਹਾਲ ਕਿਸੇ ਵੀ ਵੈਦ ਦਾ ਵੈਦਿਕ ਗਿਆਨ ਉਦੋਂ ਹੀ ਪੂਰਨ ਹੋਵੇਗਾ ਜੱਦ ਉਹ ਪ੍ਰੈਕਟਿਸ ਕਰੇਗਾ ਬਿਨਾ ਪ੍ਰੈਕਟਿਸ ਦੇ ਗਿਆਨ ਲਾਹੇਵੰਦ ਨਹੀਂ ਹੁੰਦਾ । ਇਕ ਅਹਮਦੀ ਹੋਕੇ ਈਮਾਨ ਦੀ ਅਜਿਹੀ ਅਵਸਥਾ ਵਿੱਚ ਹੀ ਸੁਰੱਖਿਆ ਹੋ ਸਕਦੀ ਹੈ ਜੱਦ ਜਮਾਤ ਦੀ ਵਿਵਸਥਾ ਤੇ ਖ਼ਿਲਾਫ਼ਤ ਨਾਲ ਪਕੱਾ ਸੰਬੰਧ ਹੋਵੇ ਅਤੇ ਬਕਾਇਦਾ ਸੰਬੰਧ ਹੋਵੇ ਅਤੇ ਇਸ ਸੰਬੰਧ ਲਈ ਉਹਨਾਂ ਸਾਧਨਾ ਦੀ ਵਰਤੋਂ ਦੀ ਲੋੜ ਹੈ ਜਿੰਨ੍ਹਾਂ ਰਾਹੀਂ ਦੂਰ ਬੈਠਿਆਂ ਵੀ ਸੰਬੰਧ ਬਣਿਆਂ ਰਹੇ । ਹਜ਼ਰਤ ਮੁਸਲਿਹ ਮੌਊਦ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਇਕ ਥਾਂ ਫ਼ਰਮਾਉਂਦੇ ਹਨ ਕਿ ਜਮਾਤੀ ਮਾਮਲਿਆਂ ਵਿੱਚ ਲੋਕ ਕਦੇ ਵੀ ਤਰੱਕੀ ਨਹੀਂ ਕਰ ਸਕਦੇ ਸਗੋਂ ਕਦੇ ਵੀ ਜੀਉਂਦੇ ਨਹੀਂ ਰਹਿ ਸਕਦੇ ਜੱਦ ਤੱਕ ਉਹਨਾਂ ਦਾ ਸੰਬੰਧ ਜੜ੍ਹ (ਮੂਲ) ਨ ਹੋਵੇ ਅਤੇ ਇਸ ਜੁੱਗ ਵਿੱਚ ਇਹ ਸੰਬੰਧ ਪੈਦਾ ਕਰਨ ਦਾ ਵੱਧੀਆ ਸਾਧਨ ਅਖ਼ਬਾਰਾਂ ਹਨ । ਮਨੁੱਖ ਕਿਸੇ ਵੀ ਥਾਂ ਬੈਠਾ ਹੋਵੇ ਜੇਕਰ ਉਸ ਨੂੰ ਜਮਾਤ ਦੀਆਂ ਖ਼ਬਰਾਂ ਪਹੁੰਚਦੀਆਂ ਰਹਿਣ ਤਾਂ ਅਜਿਹਾ ਹੁੰਦਾ ਹੈ ਜਿਵੇਂ ਨੇੜੇ ਬੈਠਾ ਹੋਵੇ ।

ਇਸ ਜੁੱਗ ਵਿੱਚ ਤਾਂ ਹੋਰ ਵੀ ਅਸਾਨੀ ਹੈ, ਰੱਬ ਨੇ ਸਾਡੇ ਲਈ ਪੈਦਾ ਕਰ ਦਿੱਤੀ ਹੈ । ਇਕ ਤਾਂ ਆਪਣੀ ਤਰਬੀਯਤ (ਸੀਖ) ਅਤੇ ਖ਼ਿਲਾਫ਼ਤ ਨਾਲ ਪੱਕੇ ਸੰਬੰਧ ਲਈ ਹਰ ਅਹਮਦੀ ਨੂੰ ਐਮ.ਟੀ.ਏ. ਸੁਣਨ ਦੀ ਲੋੜ ਹੈ ਇਸ ਦੀ ਆਦਤ ਪਾ ਲੈਣੀ ਚਾਹੀਦੀ ਹੈ । ਦੂਜਾ ਪ੍ਰਚਾਰ ਲਈ ਜੋ ਐਮ.ਟੀ.ਏ. ਅਤੇ ਵੈਬਸਾਈਟ ਉਪੱਰ ਪ੍ਰੋਗ੍ਰਾਮ ਹਨ ਉਹ ਦੂਜਿਆਂ ਨੂੰ ਦਸੱਣੇ ਚਾਹੀਦੇ ਹਨ । ਆਪਣੇ ਮਿਤੱਰਾਂ ਨਾਲ ਬਹਿ ਕੇ ਕਈ ਵਾਰ ਮੌਕਾ ਮਿਲਦਾ ਹੈ ਦੇਖਣੇ ਚਾਹੀਦੇ ਹਨ ਮਿਤੱਰਾਂ ਨੂੰ ਉਸਦਾ ਪਰੀਚੈ ਕਰਵਾਉਣਾ ਚਾਹੀਦਾ ਹੈ । ਅਨੇਕਾਂ ਹੀ ਪਤੱਰ ਮੈਂਨੂੰ ਆਉਂਦੇ ਹਨ ਕਿ ਜੱਦ ਤੋਂ ਅਸੀਂ ਐਮ.ਟੀ.ਏ. ਉਪੱਰ ਘੱਟੋ ਘੱਟ ਖ਼ੁਤਬਿਆਂ ਨੂੰ ਸੁਨਣਾ ਅਰੰਭ ਕੀਤਾ ਹੈ ਸਾਡਾ ਜਮਾਤ ਨਾਲ ਸੰਬੰਧ ਡੂੰਘਾ ਹੁੰਦਾ ਜਾ ਰਿਹਾ ਹੈ ਸਾਡੇ ਈਮਾਨ (ਆਸਥਾ) ਵਿੱਚ ਪੱਕਿਆਈ ਪੈਦਾ ਹੋ ਰਹੀ ਹੈ । ਸੋ, ਅੱਜਕੱਲ ਐਮ.ਟੀ.ਏ. ਅਤੇ ਇਸੇ ਪ੍ਰਕਾਰ alislam ਦੀ ਵੈਬਸਾਈਟ ਜੋ ਕਿ ਜਮਾਤ ਦੀ ਵੈਬਸਾਈਟ ਹੈ ਇਹ ਬਹੁਤ ਹੀ ਚੰਗੇ ਸਾਧਨ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਚਾਰ ਨੂੰ ਪਹੁੰਚਾਉਣ ਦਾ ਸਾਧਨ ਹਨ ਅਤੇ ਹਰ ਅਹਮਦੀ ਦੀ ਸੀਖ ਲਈ ਅਤੇ ਖ਼ਿਲਾਫ਼ਤ ਨਾਲ ਸੰਬੰਧਤ ਹੋਣ ਦਾ ਅਤੇ ਜਮਾਤ ਨਾਲ ਜੁੜੇ ਰਹਿਣ ਦਾ ਸਾਧਨ ਹਨ । ਇਸ ਲਈ ਹਰ ਅਹਮਦੀ ਦਾ ਕਰਤਵ ਹੈ ਕਿ ਇਸ ਨਾਲ ਜੁੜਨ ਦਾ ਜਤਨ ਕਰੇ ।

ਕਈ ਲੋਕ ਸੋਚ ਤਾਂ ਇਹ ਰਖੱਦੇ ਹਨ ਕਿ ਉਹਨਾਂ ਦਾ ਸੁਧਾਰ ਹੋਵੇ ਅਤੇ ਇਸਲਾਮੀ ਆਦੇਸ਼ਾਂ ਦੀ ਪਾਬੰਦੀ ਕਰਨ ਵਾਲੇ ਹਨ ਵਿਸ਼ੇਸ਼ ਰੂਪ ਵਿੱਚ ਨਮਾਜ਼ਾ ਬਾਰੇ ਇਹ ਇਛੱਾ ਰਖੱਦੇ ਹਨ ਕਿ ਬਕਾਇਦਾ ਨਮਾਜ਼ ਪੜ੍ਹਨ ਵਾਲੇ ਹੋਣ ਪਰ ਫਿਰ ਅਜਿਹੇ ਲੋਕਾਂ ਦੀ ਸੰਗਤ ਵਿੱਚ ਚਲੇ ਜਾਂਦੇ ਹਨ ਜੋ ਸੁਸਤ ਹਨ ਅਤੇ ਸਿੱਟੇ ਵੱਜੋਂ ਆਪ ਵੀ ਢਿੱਲੇ ਹੋ ਜਾਂਦੇ ਹਨ । ਇਛੱਾ ਦੇ ਹੁੰਦਿਆਂ ਹੋਇਆਂ ਵੀ ਇਹ ਪ੍ਰਭਾਵ ਅਣਜਾਣੇ ਵਿੱਚ ਪੈ ਰਿਹਾ ਹੁੰਦਾ ਹੈ । ਸੋ, ਸੰਬੰਧ ਬਨਾਉਣ ਲਈ ਵੀ ਅਜਿਹੇ ਲੋਕਾਂ ਦੀ ਚੋਣ ਕਰਨੀ ਚਾਹੀਦੀ ਹੈ ਜਿੰਨ੍ਹਾ ਦੀ ਧਾਰਮਕ ਹਾਲਤ ਚੰਗੀ ਹੋਵੇ ਜੋ ਨਮਾਜ਼ਾਂ ਵਿੱਚ ਨਿਰੰਤਰਤਾ ਰਖੱਦੇ ਹੋਣ ਅਤੇ ਪਾਬੰਦ ਹੋਣ । ਇਸ ਹਵਾਲੇ ਨਾਲ ਵਿਸ਼ੇਸ਼ ਰੂਪ ਵਿੱਚ ਰਬਵਾ ਤੇ ਕਾਦੀਆਂ ਦੇ ਅਹਮਦੀਆਂ ਨੂੰ ਧਿਆਨ ਦੁਆਉਂਣਾ ਚਾਹੁੰਦਾ ਹਾਂ ਜਿੱਥੇ ਥੋੜੀ ਜਿਹੀ ਥਾਂ ਵਿੱਚ ਅਹਮਦੀਆਂ ਦੀ ਵੱਡੀ ਗਿਣਤੀ ਹੈ । ਇਸੇ ਪ੍ਰਕਾਰ ਮਸਜਿਦਾਂ ਵੀ ਥੋੜੀ ਥੋੜੀ ਦੂਰੀ ਉਪੱਰ ਹਨ ਓਥੇ ਮਸਜਿਦਾਂ ਨੂੰ ਵਸਾਓ, ਆਬਾਦ ਕਰੋ । ਇਸੇ ਪ੍ਰਕਾਰ ਅਨੇਕਾਂ ਹੀ

ਅਜਿਹੇ ਲੋਕ ਜੋ ਜਮਾਤ ਦੇ ਨਿਜ਼ਾਮ (ਵਿਵਸਥਾ) ਬਾਰੇ ਗ਼ਲਤ ਵਿਚਾਰ ਰਖੱਦੇ ਹਨ ਉਹਨਾਂ ਤੋਂ ਵੀ ਬਚਣ ਦਾ ਜਤਨ ਕਰਨ ।

ਸੋ, ਸਾਧਾਰਣ ਰੂਪ ਵਿੱਚ ਹਰ ਥਾਂ ਹਰ ਅਹਮਦੀ ਨੂੰ ਸੁਸਤ ਲੋਕਾਂ ਨਾਲ ਸੰਬੰਧ ਰਖੱਣ ਦੀ ਥਾਂ ਚੁਸਤ ਤੇ ਚਲਾਕ ਲੋਕਾਂ ਨਾਲ, active ਲੋਕਾਂ ਨਾਲ, ਜਮਾਤ ਦੇ ਕ੍ਰਿਆਸ਼ੀਲ ਲੋਕਾਂ ਨਾਲ ਸੰਬੰਧ ਰਖੱਣੇ ਚਾਹੀਦੇ ਹਨ ਉਹਨਾਂ ਨਾਲ ਮੇਲਜੋਲ ਰਖੱਣਾ ਚਾਹੀਦਾ ਹੈ ਅਤੇ ਜੱਦ ਮੇਲਜੋਲ ਕਾਇਮ ਹੋ ਜਾਵੇ ਅਤੇ ਚੁਸਤ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਜਾਂਦਾ ਹੈ ਤਾਂ ਸੁਸਤ ਲੋਕ ਵੀ ਚੁਸਤ ਹੋ ਜਾਣਗੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੰਗਤ ਵਿੱਚ ਇਕ ਵਰ ਇਕ ਮਨੁੱਖ ਆਇਆ ਅਤੇ ਕਹਿਣ ਲਗੱਾ ਕਿ ਮੈਂ ਚਮਤਕਾਰ ਦੇਖਣਾ ਚਾਹੁੰਦਾ ਹਾਂ ਜੇਕਰ ਮੈਂਨੂੰ ਫਲਾਣਾ ਚਮਤਕਾਰ ਦਿਖਾ ਦਿੱਤਾ ਜਾਵੇ ਤਾਂ ਮੈਂ ਆਪ ਉਪੱਰ ਈਮਾਨ ਲਿਆਉਣ ਲਈ ਤਿਆਰ ਹਾਂ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਸ ਨੂੰ ਉਤੱਰ ਦਿੱਤਾ ਕਿ ਰੱਬ ਮਦਾਰੀ ਨਹੀਂ, ਉਹ ਕੋਈ ਤਮਾਸ਼ਾ ਨਹੀਂ ਦਿਖਾਉਂਦਾ ਸਗੋਂ ਹਰ ਕੰਮ ਤਰਕ ਨਾਲ ਪੂਰਾ ਹੁੰਦਾ ਹੈ । ਆਪ ਇਹ ਦੱਸੋ ਕਿ ਜੋ ਚਮਤਕਾਰ ਪਹਿਲਾਂ ਦਿਖਾਏ ਗਏ ਸਨ ਉਹਨਾਂ ਤੋਂ ਆਪ ਨੇ ਕੀ ਲਾਭ ਉਠਾਇਆ ਹੈ ਕਿ ਆਪ ਲਈ ਹੁਣ ਕੋਈ ਹੋਰ ਨਵਾਂ ਚਮਤਕਾਰ ਦਿਖਾਇਆ ਜਾਵੇ । ਸੋ, ਰੱਬ ਇਹਨਾਂ ਵਿਅਰਥ ਮੰਗਾਂ ਨੂੰ ਕੋਈ ਮਹੱਤਾ ਨਹੀਂ ਦਿੰਦਾ ਅਤੇ ਨ ਹੀ ਉਸ ਦੇ ਨਬੀ ਕੋਈ ਮਹਤੱਾ ਦਿੰਦੇ ਹਨ । ਅੰਸੰਖ ਚਮਤਕਾਰ ਹਨ ਜੇਕਰ ਮਨ੍ਹਣਾ ਹੋਵੇ ਤਾਂ ਨੇਕ ਸੁਭਾਵੀ ਲੋਕਾਂ ਲਈ ਉਹੋ ਬਹੁਤ ਹਨ ।

ਜੱਦ ਸੰਸਾਰਕ ਕੰਮ ਪ੍ਰਿਣਾਮਹੀਣ ਨਹੀਂ ਹੁੰਦੇ ਤਾਂ ਕਿਵੇਂ ਸਮਝ ਲਿਆ ਜਾਵੇ ਕਿ ਆਚਰਣਕ ਤੇ ਆਤਮਕ ਕਾਰਜ ਬਿਨਾ ਸਿੱਟੇ ਦੇ ਹੋ ਸਕਦੇ ਹਨ । ਸੋ, ਜਿੱਥੋਂ ਤੱਕ ਮਿਹਨਤ ਤੇ ਜਤਨਾਂ ਦਾ ਪ੍ਰਸ਼ਨ ਹੈ ਸਿੱਟੇ ਸਾਡੇ ਹੀ ਅਧਿਕਾਰ ਵਿੱਚ ਹਨ ਅਤੇ ਜੇਕਰ ਸਿਟੱਾ ਚੰਗਾ ਨਹੀਂ ਨਿਕਲਦਾ ਤਾਂ ਸਮਝ ਲਓ ਕਿ ਸਾਡੇ ਕੰਮ ਵਿੱਚ ਕੋਈ ਗ਼ਲਤੀ ਰਹਿ ਗਈ ਹੈ। ਜਤਨ ਕਰਨਾ ਚਾਹੀਦਾ ਹੈ ਕਿ ਹਰ ਕੰਮ ਦੇ ਸਿੱਟੇ ਕਿਸੇ ਨਿਰਧਾਰਤ ਅਵਸਥਾ ਵਿੱਚ ਸਾਡੇ ਸਾਹਮਣੇ ਆ ਸਕਣ ਅਤੇ ਜੱਦ ਤੱਕ ਇਹ ਸਿੱਟੇ ਸਾਹਮਣੇ ਨ ਆਉਣ ਸਾਨੂੰ ਆਰਾਮ ਨਾਲ ਨਹੀਂ ਬੈਠਣਾ ਚਾਹੀਦਾ । ਕਈ ਲੋਕ ਲਿੱਖਦੇ ਹਨ ਕਿ ਅਸੀਂ ਬਹੁਤ ਇਬਾਦਤ ਕੀਤੀ ਦੁਆਵਾਂ ਕੀਤੀਆਂ ਸਾਡੇ ਮੰਤਵ ਪ੍ਰਾਪਤ ਨਹੀਂ ਹੋ ਸਕੇ । ਸਾਡੀਆਂ ਦੁਆਵਾਂ ਕ਼ਬੂਲ ਨਹੀਂ ਹੋਈਆਂ ਤਾਂ ਉਹਨਾਂ ਨੂੰ ਵੀ ਸਮਝ ਲੈਂਣਾ ਚਾਹੀਦਾ ਹੈ ਕਿ ਜਿਸ ਹੱਦ ਤੱਕ ਜਾਣਾ ਚਾਹੀਦਾ ਹੈ ਉਸ ਹੱਦ ਤੱਕ ਨਹੀਂ ਪਹੁੰਚੇ ਜਾਂ ਫਿਰ ਮੰਜ਼ਲ ਤਾਂ ਨਿਰਧਾਰਤ ਕਰ ਲਈ ਪਰ ਮਾਰਗ ਗ਼ਲਤ ਫੜ ਲਿਆ । ਸੋ, ਉਸ'ਤੇ ਦੁਆ ਕਰਨ ਵਾਲੇ ਨੂੰ ਗ਼ੌਰ ਕਰਨਾ ਚਾਹੀਦਾ ਹੈ ਕਿ ਮਾਰਗ ਵੀ ਠੀਕ ਹੋਵੇ ਅਤੇ ਜਿੰਨ੍ਹੀ ਮਿਹਨਤ ਦੀ ਲੋੜ ਹੈ ਉਹ ਵੀ ਜ਼ਰੂਰੀ ਹੈ । ਸੋ, ਆਤਮਕਤਾ ਦੀ ਪ੍ਰਾਪਤੀ ਅਤੇ ਰੱਬ ਦੀ ਨੇੜਤਾ ਅਤੇ ਦੁਆਵਾਂ ਦੀ ਪਰਵਾਨਗੀ ਲਈ ਵੀ ਆਪਣੇ ਤਰੀਕੇ ਨੂੰ ਦੇਖਣ ਦੀ ਲੋੜ ਹੈ । ਆਪਣੇ ਸੁਧਾਰ ਦੀ ਲੋੜ ਹੈ ਅਤੇ ਇਸ ਦੀ ਪੜਤਾਲ ਦੀ ਲੋੜ ਹੈ । ਕਿਵੇਂ ਸੁਧਾਰ ਕਰ ਰਹੇ ਹਨ ਆਪਣੇ ਆਪੇ ਨੂੰ ਫਰੋਲਨ ਦੀ ਲੋੜ ਹੈ । ਆਪਣੀਆਂ ਇਬਾਦਤਾਂ (ਬੰਦਗੀ) ਨੂੰ ਦੇਖਣ ਦੀ ਲੋੜ ਹੈ । ਰੱਬ ਦੇ ਸਾਰਿਆਂ ਆਦੇਸ਼ਾਂ ਉਪੱਰ ਅਮਲ ਕਰਨ ਦੀ ਲੋੜ ਹੈ । ਆਪਣੇ ਹਰ ਪ੍ਰਕਾਰ ਦੇ ਅਮਲਾਂ ਨੂੰ ਦੇਖਣ ਦੀ ਲੋੜ ਹੈ ਕਿ ਸਾਡੇ ਕਿਸ ਪ੍ਰਕਾਰ ਦੇ ਅਮਲ ਹਨ । ਆਪਣੀਆਂ ਸੋਚਾਂ (ਵਿਚਾਰ) ਤੇ ਅਕਲ ਦੀ ਦੁਰੁਸਤੀ ਦੀ ਲੋੜ ਹੈ । ਜੱਦ ਰੱਬ ਨੇ ਕਿਹਾ ਕਿ ਮੈਂ ਆਪਣੇ ਬੰਦਿਆਂ ਦੇ ਨੇੜੇ ਹਾਂ ਅਤੇ ਉਹਨਾਂ ਦੀਆਂ ਦੁਆਵਾਂ ਸੁਣਦਾ ਹਾਂ ਅਤੇ ਫਿਰ ਉਹ ਨੇੜੇ ਨਹੀਂ ਆਉਂਦਾ ਦੁਆਵਾਂ ਨਹੀਂ ਸੁਣੀਆਂ ਜਾਂਦੀਆਂ ਤਾਂ ਕਿਤੇ ਨ ਕਿਤੇ ਕਿਸੇ ਥਾਂ ਸਾਡੇ ਜਤਨਾਂ ਵਿੱਚ ਅਤੇ ਹਲਾਤਾਂ ਵਿੱਚ ਘਾਟ ਹੈ ।

ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਮੰਗਤੇ ਦੋ ਪ੍ਰਕਾਰ ਦੇ ਹੁੰਦੇ, ਹਨ ਇਕ ਸਧਾਰਣ ਮੰਗਤਾ ਅਤੇ ਦੂਜਾ ਹੱਠੀ ਮੰਗਤਾ । ਸਧਾਰਣ ਮੰਗਤਾ ਉਹ

ਹੁੰਦਾ ਹੈ ਜੋ ਕਿਸੇ ਦਰ'ਤੇ ਅਵਾਜ਼ ਦਿੰਦਾ ਹੈ ਕਿ ਕੁਝ ਦਿਓ, ਜੇਕਰ ਕਿਸੇ ਨੇ ਕੁਝ ਦੇ ਦਿੱਤਾ ਤਾਂ ਠੀਕ, ਨਹੀਂ ਤਾਂ ਦੋ ਤਿੰਨ ਅਵਾਜ਼ਾਂ ਦੇਕੇ ਅੱਗੇ ਚਲੇ ਗਏ । ਪਰ ਹੱਠੀ ਮੰਗਤਾ ਉਹ ਹੁੰਦਾ ਹੈ ਕਿ ਜੱਦ ਤੱਕ ਨ ਮਿਲੇ ਟਲਦਾ ਹੀ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਦੁਆ ਦੀ ਪਰਵਾਨਗੀ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਹੱਠੀ ਮੰਗਤਾ ਬਣੇ ਅਤੇ ਮੰਗਦਾ ਰਲਾ ਜਾਵੇ ਅਤੇ ਰੱਬ ਦੀ ਹਜ਼ੂਰੀ ਵਿੱਚ ਧੂਨੀ ਜਮਾ ਕੇ ਬਹਿ ਜਾਏ ਅਤੇ ਟਲੇ ਨਹੀਂ ਜੱਦ ਤੱਕ ਰੱਬ ਦਾ ਕਰਮ ਪ੍ਰਮਾਣਤ ਨ ਕਰ ਦੇਵੇ ਕਿ ਹੁਣ ਇਸ ਬਾਰੇ ਦੁਆ ਨ ਕੀਤੀ ਜਾਵੇ । ਪਰ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਕਦੇ ਵੀ ਤਦਬੀਰ (ਉਪਾਉ) ਨੂੰ ਨਹੀਂ ਛਡੱਣਾ ਚਾਹੀਦਾ । ਤਦਬੀਰ (ਉਪਾਉ) ਵੀ ਦੁਆ ਦੇ ਨਾਲ ਲੋੜੀਂਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਸਨ ਕਿ ਤਦਬੀਰ ਦਾ ਦੁਆ ਦੇ ਨਾਲ ਨ ਹੋਣਾ ਉਕੱਾ ਹੀ ਗ਼ਲਤ ਚੀਜ਼ ਹੈ ਅਤੇ ਅਜਿਹੇ ਮਨੁੱਖ ਦੀ ਦੁਆ ਉਸ ਦੇ ਮੂੰਹ 'ਤੇ ਮਾਰੀ ਜਾਂਦੀ ਹੈ ਜੋ ਕੇਵਲ ਦੁਆ ਕਰਦਾ ਹੈ ਅਤੇ ਤਦਬੀਰ ਕੁਝ ਵੀ ਨਹੀਂ ਕਰਦਾ । ਜੋ ਤਦਬੀਰ ਤੇ ਦੁਆ ਨੂੰ ਨਾਲ ਨਹੀਂ ਰਖੱਦਾ ਉਸ ਦੀ ਦੁਆ ਨਹੀਂ ਸੁਣੀ ਜਾਂਦੀ ਕਿਉਂਕਿ ਦੁਆ ਦੇ ਨਾਲ ਤਦਬੀਰ ਨ ਕਰਨਾ ਰੱਬ ਦੇ ਕਾਨੂਨ ਨੂੰ ਤੋੜਨਾ ਅਤੇ ਉਸ ਦੀ ਪ੍ਰੀਖਿਆ ਲੈਂਣਾ ਹੈ ਅਤੇ ਰੱਬ ਦੀ ਇਹ ਸ਼ਾਨ ਨਹੀਂ ਕਿ ਮਨੁੱਖ ਉਸ ਦੀ ਪ੍ਰੀਖਿਆ ਲੈਂਣ । ਅਲੱਾਹ ਤਆਲਾ ਸਾਨੂੰ ਪੱਕੇ ਧਿਆਨ ਨਾਲ ਅਤੇ ਆਪਣੀਆਂ ਹਾਲਤਾਂ ਨੂੰ ਰੱਬ ਦੀ ਰਜ਼ਾ ਅਨੁਸਾਰ ਬਣਾਉਂਦਿਆਂ ਹੋਇਆਂ ਅਤੇ ਸਾਰੇ ਪ੍ਰਤਖ ਪੱਖਾਂ ਨੂੰ ਅਪਣਾਉਦਿਆਂ ਹੋਇਆਂ ਦੁਆਵਾਂ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਮੁਕਰੱਮ ਕਮਰ ਜ਼ਿਆ ਸਾਹਬ ਸਪੁਤੱਰ ਮੁਕਰੱਮ ਮੁਹਮੱਦ ਅਲੀ ਸਾਹਬ ਵਾਸੀ ਕੋਟ ਅਬਦੁਲ ਮਾਲਕ ਪਾਕਿਸਤਾਨ ਦੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕੀਤਾ, ਜਿੰਨ੍ਹਾ ਨੂੰ ਪਹਿਲੀ ਮਾਰਚ 2016 ਈ. ਨੂੰ ਵਿਰੋਧੀਆਂ ਨੇ ਸ਼ਹੀਦ ਕਰ ਦਿੱਤਾ ਸੀ । ਹਜ਼ੂਰ ਅਨਵਰ ਨੇ ਮਰਹੂਮ ਦੇ ਸਦਗੁਣਾ ਤੇ ਸੇਵਾਵਾਂ ਦਾ ਵਿਸਥਾਰ ਪੂਰਨ ਵਰਨਣ ਕਰਦਿਆਂ ਹੋਇਆਂ ਨਮਾਜ਼ ਜਨਾਜ਼ਾ ਪੜ੍ਹਾਏ ਜਾਣ ਦਾ ਐਲਾਨ ਕੀਤਾ ।

**Khulasa Khutba 04.03.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131